# मेरा बाबा नानक

ਹੋ ਕਣ ਕਣ ਦੇ ਵਿੱਚ, ਵੱਸਦਾ ਦਾਤਿਆ, ਲੋਕ ਸੁਣੇ ਮੈਂ ਕਹਿੰਦੇ ।
ਪਰ ਮੈਨੂੰ, ਕਿਤੇ ਨਜ਼ਰ ਨਾ ਆਵੇ, ਨੈਣ ਤਰਸਦੇ ਰਹਿੰਦੇ ॥
*ਹੌਲੀ ਹੌਲੀ, ਚਰਨਾਂ ਦੇ ਨਾਲ, ਜੋੜ ਜ਼ਮਾਨੇ ਨੂੰ ॥,
ਬਾਬਾ ਨਾਨਕਾ, ਪੈ ਗਈ ਆ, ਤੇਰੀ ਲੋੜ ਜ਼ਮਾਨੇ ਨੂੰ ॥

ਹੋ ਸਾਰੀ ਸ੍ਰਿਸ਼ਟੀ, ਸਾਜ਼ੀ ਤੇਰੀ, ਨਾ ਨੈਣਾਂ ਨੀਰ ਬਹਾਵੇ ।
ਤੇਰੀ ਖ਼ਲਕਤ, ਉੱਤੇ ਮਾਲਕਾ, ਕਦੀ ਨਾ ਸੰਕਟ ਆਵੇ ॥
*ਹੋ 'ਨਾਮ ਤੇਰੇ ਬਿਨ, ਕੀ ਚਾਹੀਦਾ, ਹੋਰ ਜ਼ਮਾਨੇ ਨੂੰ ॥,
ਬਾਬਾ ਨਾਨਕਾ, ਪੈ ਗਈ ਆ, ਤੇਰੀ ਲੋੜ ਜ਼ਮਾਨੇ ਨੂੰ ॥

ਹਾਏ ਮੇਰਾ ਮੁਝ ਮੇਂ, ਕੁਛ ਨਾਹੀਂ ਹੈ, ਜੋ ਕੁਛ ਹੈ ਸੋ ਤੇਰਾ ।
ਮੈਂ ਕਿੰਨਾ ਹੀ, ਉੱਚਾ ਹੋ ਜਾਵਾਂ, ਪਰ ਚੇਤਾ ਭੁੱਲਾਂ ਨਾ ਤੇਰਾ ॥
*ਹੋ 'ਝੂਠ ਦੇ ਰਸਤੇ, ਪੈ ਗਿਆ ਆ ਕੇ, ਮੋੜ ਜ਼ਮਾਨੇ ਨੂੰ ॥,
ਬਾਬਾ ਨਾਨਕਾ, ਪੈ ਗਈ ਆ, ਤੇਰੀ ਲੋੜ ਜ਼ਮਾਨੇ ਨੂੰ ॥

ਕਿਓਂ ਚੜ੍ਹੀ ਜਵਾਨੀ, ਖਿੱਚਦੀ ਦਾਤਿਆ, ਚਿੱਟਾ ਅਤੇ ਸਮੈਕਾਂ ।
ਜਦ ਨਾਮ ਤੇਰੇ ਦੀਆਂ, ਘਰ ਘਰ ਵਿੱਚੋਂ, ਆਵਣ ਬਾਬਾ ਮਹਿਕਾਂ ॥
*ਹਾਏ 'ਨਾਮ ਤੇਰੇ ਦੀ, ਚੜ੍ਹੀ ਰਹੇ ਬਸ, ਲੋੜ ਜ਼ਮਾਨੇ ਨੂੰ ॥,
ਬਾਬਾ ਨਾਨਕਾ, ਪੈ ਗਈ ਆ, ਤੇਰੀ ਲੋੜ ਜ਼ਮਾਨੇ ਨੂੰ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24800/title/mera-baba-nanak

अपने Android मोबाइल पर BhajanGanga App डाउनलोड करें और भजनों का आनंद ले |